# College Bound ਕੀ ਹੁੰਦਾ ਹੈ?

**ਹਾਈ ਸਕੂਲ ਦੇ ਵਿਦਿਆਰਥੀ:** College Bound, ਹਾਈ ਸਕੂਲ ਤੋਂ ਬਾਅਦ ਤੁਹਾਡੀ ਸਿੱਖਿਆ ਲਈ ਭੁਗਤਾਨ ਕਰਨ ਵਿੱਚ ਮਦਦ ਕਰਨ ਲਈ, Washington College Grant, ਰਾਜ ਦੀ ਵਿੱਤੀ ਸਹਾਇਤਾ ਦੀ ਇੱਕ ਸ਼ੁਰੂਆਤੀ ਵਚਨਬੱਧਤਾ ਹੈ। ਵਿਦਿਆਰਥੀਆਂ ਨੂੰ ਪ੍ਰਾਪਤ ਹੋਣ ਵਾਲੀ ਰਕਮ ਔਸਤ ਟਿਊਸ਼ਨ (ਪਬਲਿਕ ਕਾਲਜ ਦਰਾਂ 'ਤੇ), ਕੁਝ ਫੀਸਾਂ, ਅਤੇ ਕਿਤਾਬਾਂ ਲਈ ਥੋੜ੍ਹੀ ਜਿਹੀ ਰਕਮ 'ਤੇ ਆਧਾਰਿਤ ਹੁੰਦੀ ਹੈ। ਤੁਸੀਂ Washington ਵਿੱਚ 65 ਤੋਂ ਵੱਧ ਭਾਗ ਲੈਣ ਵਾਲੇ ਕਾਲਜਾਂ, ਯੂਨੀਵਰਸਿਟੀਆਂ ਅਤੇ ਤਕਨੀਕੀ ਸਕੂਲਾਂ ਵਿੱਚ ਆਪਣੀ ਸਿੱਖਿਆ ਲਈ ਭੁਗਤਾਨ ਕਰਨ ਵਿੱਚ ਮਦਦ ਲਈ College Bound ਦੀ ਵਰਤੋਂ ਕਰ ਸਕਦੇ ਹੋ।

## ਵਾਅਦਾ ਕੀ ਹੈ?

- ਜੇਕਰ ਤੁਸੀਂ ਹਾਈ ਸਕੂਲ ਤੋਂ ਬਾਅਦ ਸਿੱਧੇ ਹੀ ਚਾਰ ਸਾਲਾਂ ਦੇ ਕਾਲਜ ਵਿੱਚ ਜਾਣ ਦੀ ਯੋਜਨਾ ਬਣਾਉਂਦੇ ਹੋ, ਤਾਂ Washington ਹਾਈ ਸਕੂਲ ਜਾਂ ਹੋਮ ਸਕੂਲ ਪ੍ਰੋਗਰਾਮ ਤੋਂ 2.0 ਜਾਂ ਇਸਤੋਂ ਵੱਧ ਦੇ ਸੰਚਿਤ GPA (Grade Point Average, ਗ੍ਰੇਡ ਪੁਆਇੰਟ ਔਸਤ) ਨਾਲ ਗ੍ਰੈਜੂਏਟ ਕਰੋ।

  ਜੇਕਰ ਤੁਸੀਂ ਕਿਸੇ ਕਮਿਊਨਿਟੀ ਕਾਲਜ ਜਾਂ ਟੈਕਨੀਕਲ ਸਕੂਲ ਵਿੱਚ ਜਾਣ ਦੀ ਯੋਜਨਾ ਬਣਾ ਰਹੇ ਹੋ, ਤਾਂ ਹਾਈ ਸਕੂਲ GPA ਦੀ ਕੋਈ ਜ਼ਰੂਰਤ ਨਹੀਂ ਹੈ।

- FAFSA (Free Application for Federal Student Aid, ਫੈਡਰਲ ਵਿਦਿਆਰਥੀ ਸਹਾਇਤਾ ਲਈ ਮੁਫ਼ਤ ਐਪਲੀਕੇਸ਼ਨ) ਜਾਂ WASFA (Washington Application for State Financial Aid, ਰਾਜ ਵਿੱਤੀ ਸਹਾਇਤਾ ਲਈ ਵਾਸ਼ਿੰਗਟਨ ਐਪਲੀਕੇਸ਼ਨ) ਨਾਲ ਆਪਣੇ ਹਾਈ ਸਕੂਲ ਦੇ ਸੀਨੀਅਰ ਸਾਲ ਅਤੇ ਕਾਲਜ ਜਾਂ ਸਿਖਲਾਈ ਦੌਰਾਨ ਹਰੇਕ ਸਾਲ ਵਿੱਤੀ ਸਹਾਇਤਾ ਲਈ ਅਪਲਾਈ ਕਰੋ।
- ਕੋਈ ਗੁੰਡਾਗਰਦੀ ਦਾ ਦੋਸ਼ ਨਹੀਂ ਹੈ।

## 2023-24 ਔਸਤ ਪਰਿਵਾਰਕ ਆਮਦਨ

| ਪਰਿਵਾਰਕ ਮੈਂਬਰਾਂ ਦੀ ਗਿਣਤੀ | ਸਾਲਾਨਾ ਆਮਦਨ* |
|---|---|
| 1 | $38,000 |
| 2 | $49,500 |
| 3 | $61,500 |
| 4 | $73,000 |
| 5 | $84,500 |
| 6 | $96,500 |
| 7 | $98,500 |
| 8 | $100,500 |

*ਪਰਿਵਾਰਕ ਮੈਂਬਰਾਂ ਦੀ ਆਮਦਨ ਇਸ ਰਕਮ ਤੋਂ ਘੱਟ ਜਾਂ ਬਰਾਬਰ ਹੋਣੀ ਚਾਹੀਦੀ ਹੈ।

## ਗ੍ਰੈਜੂਏਸ਼ਨ ਤੋਂ ਬਾਅਦ, ਮੈਂ College Bound ਕਿਵੇਂ ਪ੍ਰਾਪਤ ਕਰਾਂ?

- College Bound ਦੇ ਵਾਅਦੇ ਸੰਬੰਧੀ ਜ਼ਰੂਰਤਾਂ ਨੂੰ ਪੂਰਾ ਕਰੋ ਅਤੇ ਰਾਜ ਦੀ ਰਿਹਾਇਸ਼ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੋ।
- ਆਪਣਾ ਹਾਈ ਸਕੂਲ ਡਿਪਲੋਮਾ ਪ੍ਰਾਪਤ ਕਰਨ ਦੇ ਇੱਕ ਸਾਲ ਦੇ ਅੰਦਰ ਕਾਲਜ ਵਿੱਚ ਦਾਖ਼ਲਾ ਲਓ।
- ਆਪਣੇ ਕਾਲਜ ਵਿੱਚ ਚੰਗਾ ਵਿਵਹਾਰ ਕਰੋ।
- ਕਾਲਜ ਵਿੱਚ ਹੋਣ ਵੇਲੇ ਹਰ ਸਾਲ ਵਿੱਤੀ ਸਹਾਇਤਾ ਲਈ ਅਪਲਾਈ ਕਰੋ।
- ਔਸਤ ਪਰਿਵਾਰਕ ਆਮਦਨੀ ਚਾਰਟ 'ਤੇ ਆਮਦਨ ਸੰਬੰਧੀ ਜ਼ਰੂਰਤ ਨੂੰ ਪੂਰਾ ਕਰੋ। ਤੁਹਾਡਾ ਕਾਲਜ ਇਹ ਨਿਰਧਾਰਤ ਕਰੇਗਾ ਕਿ ਕੀ ਤੁਸੀਂ ਆਮਦਨ ਸੰਬੰਧੀ ਜ਼ਰੂਰਤ ਨੂੰ ਪੂਰਾ ਕਰਦੇ ਹੋ।

## College Bound ਨੂੰ ਮੇਰੇ ਤੋਂ ਕੀ ਚਾਹੀਦਾ ਹੈ?

- ਯਕੀਨੀ ਬਣਾਓ ਕਿ College Bound ਤੁਹਾਡੀ ਮੌਜੂਦਾ ਸੰਪਰਕ ਜਾਣਕਾਰੀ ਹੈ।
- ਇਹ ਯਕੀਨੀ ਬਣਾਉਣ ਲਈ ਆਪਣੇ ਹਾਈ ਸਕੂਲ ਦੇ ਸਲਾਹਕਾਰ ਨਾਲ ਸੰਪਰਕ ਕਰੋ ਕਿ ਤੁਸੀਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਟ੍ਰੈਕ 'ਤੇ ਹੋ।
- wsac.wa.gov/sfa-institutions 'ਤੇ College Bound ਵੈੱਬਸਾਈਟ 'ਤੇ ਯੋਗ ਸਕੂਲਾਂ ਦੀ ਸੂਚੀ ਦੇਖ ਕੇ ਆਪਣੀ ਕਾਲਜ ਖੋਜ ਲਈ ਤਿਆਰੀ ਕਰੋ।

## ਕੀ ਮਦਦ ਦੀ ਜ਼ਰੂਰਤ ਹੈ? ਟੈਕਸਟ Otter!

OtterBot ਇੱਕ ਅਜਿਹੀ ਟੈਕਸਟ ਸੇਵਾ ਹੈ, ਜੋ ਹਾਈ ਸਕੂਲ ਦੇ ਸਾਰੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ/ਸਰਪ੍ਰਸਤਾਂ ਦਾ ਸਮਰਥਨ ਕਰਦੀ ਹੈ। ਇਸਨੂੰ College Bound ਵਿੱਚ ਦਾਖ਼ਲ ਹੋਏ ਵਿਦਿਆਰਥੀਆਂ ਲਈ ਤਿਆਰ ਕੀਤਾ ਗਿਆ ਹੈ।



ਆਪਣੀ ਸੰਪਰਕ ਜਾਣਕਾਰੀ ਨੂੰ ਸਾਈਨ ਅੱਪ ਕਰਨ ਜਾਂ ਅੱਪਡੇਟ ਕਰਨ ਲਈ ਇਸ QR ਕੋਡ ਦੀ ਵਰਤੋਂ ਕਰੋ, ਤਾਂ ਜੋ ਅਸੀਂ ਸੰਪਰਕ ਵਿੱਚ ਰਹਿ ਸਕੀਏ! ਇਸ ਵਿੱਚ ਸਿਰਫ਼ ਇੱਕ ਮਿੰਟ ਦਾ ਸਮਾਂ ਲੱਗਦਾ ਹੈ!

College Bound Washington Student Achievement Council ਦੁਆਰਾ ਸੰਚਾਲਿਤ ਇੱਕ ਰਾਜ ਦੁਆਰਾ ਫੰਡ ਪ੍ਰਾਪਤ ਪ੍ਰੋਗਰਾਮ ਹੈ।

**ਸਾਡੇ ਨਾਲ ਸੰਪਰਕ ਕਰੋ**

collegebound.wa.gov
collegebound@wsac.wa.gov
888.535.0747 (ਵਿਕਲਪ 1)

WASHINGTON STUDENT ACHIEVEMENT COUNCIL
EDUCATION · OPPORTUNITY · RESULTS